IJFANS INTERNATIONAL JOURNAL OF FOOD AND NUTRITIONAL SCIENCES
ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 12,Sp Iss 01 2023

# Dharma and Moral Consciousness in Sikh Philosophy

**Dr Harbans Singh**
Professor, Department of Punjabi, Sri Guru Tegh Bahadur Khalsa College University of Delhi
Delhi-110007,Email: drbaikunth64@gmail.com

## ਧਰਮ ਅਤੇ ਨੈਤਿਕ ਚੇਤਨਾ

ਧਰਮ ਦਾ ਅਰਥ ਕੋਈ ਬਾਹਰੀ ਔਪਚਾਰਿਕਤਾ ਜਾਂ ਬਾਹਰੀ ਪੂਜਾ-ਪਾਠ ਨਹੀਂ ਸਗੋਂ ਝੂਠ ਦਾ ਤਿਆਗ, ਦਇਆ, ਸਬਰ-ਸੰਤੋਖ, ਨਿਮਰਤਾ ਅਤੇ ਪਿਆਰ ਦੇ ਭਾਵਾਂ ਨਾਲ ਲਬਰੇਜ਼ ਜੀਵਨ ਜਾਂਚ ਹੈ। ਧਰਮ ਸੰਸਕ੍ਰਿਤ ਧਾਤੂ ਧ੍ਰਿ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ 'ਜੋ ਧਾਰਨ ਕੀਤਾ ਜਾਵੇ'। ਨੈਤਿਕਤਾ ਉਹ ਨਿਯਮ, ਮੁੱਲ ਅਤੇ ਆਦਰਸ਼ ਹਨ ਜੋ ਮਨੁੱਖ ਨੂੰ ਸਹੀ ਦਿਸ਼ਾ ਦੇਣ ਲਈ ਬਣੇ ਹਨ। ਨੈਤਿਕਤਾ ਸਿਰਫ਼ ਧਾਰਮਿਕ ਸੰਦੇਸ਼ਾ ਜਾਂ ਹੁਕਮਾਂ ਤੱਕ ਹੀ ਸੀਮਤ ਨਹੀਂ ਸਗੋਂ ਸਮਾਜਕ ਅਤੇ ਦਾਰਸ਼ਨਿਕ ਸੋਚ ਨਾਲ ਵੀ ਜੁੜੀ ਹੋਈ ਹੈ। ਮਨੁੱਖ ਦੇ ਨੈਤਿਕ ਮੁੱਲਾਂ ਵਿਚ ਵਧੇਰੇ ਕਰਕੇ ਧਾਰਮਿਕ ਸੰਦੇਸ਼ ਜੁੜੇ ਹੁੰਦੇ ਹਨ। ਜੇਕਰ ਮਨੁੱਖ ਸੱਚਮੁੱਚ ਹੀ ਧਾਰਮਿਕ ਹੈ ਤਾਂ ਉਸ ਦੇ ਵਿਵਹਾਰ ਵਿਚ ਨੈਤਿਕਤਾ ਦਾ ਝਲਕਾਰਾ ਜ਼ਰੂਰ ਪੈਂਦਾ ਹੈ। ਨੈਤਿਕਤਾ ਜੀਵਨ ਜਾਂਚ ਦਾ ਅਜਿਹੇ ਗੁਣ ਹੈ ਜੋ ਕਿਸੇ ਦੂਸਰੇ ਨੂੰ ਨੁਕਸਾਨ ਪਹੁੰਚਾਉਣ ਵਾਲੀ ਸ਼ੈਲੀ ਤੋਂ ਹਟ ਕੇ ਸਰਵਹਿੱਤ ਦੀ ਭਲਾਈ ਲਈ ਜਿਉਣਾ ਹੈ। ਇਸ ਤਰ੍ਹਾਂ ਧਰਮ ਅਤੇ ਨੈਤਿਕਤਾ ਦੋਵੇਂ ਮਨੁੱਖੀ ਜੀਵਨ ਨੂੰ ਵਿਵਹਾਰਕ ਜੀਵਨ ਅਤੇ ਅਧਿਆਤਮਿਕ ਜੀਵਨ ਦੇ ਮਾਰਗ-ਦਰਸ਼ਕ ਹਨ। ਇਹ ਇਕ ਦੂਜੇ ਦੇ ਪੂਰਕ ਵੀ ਹਨ। ਬਲਵਿੰਦਰ ਪਾਲ ਸਿੰਘ ਅਨੁਸਾਰ-

"ਧਰਮ ਅਤੇ ਨੈਤਿਕਤਾ ਦੇ ਅੰਤਮ ਉਦੇਸ਼ਾਂ ਸੰਬੰਧੀ ਦੋ ਮਤ ਪ੍ਰਚਲਿਤ ਹਨ। ਪਹਿਲਾ ਮਤ ਅਨੁਸਾਰ ਕਈ ਚਿੰਤਕ ਧਰਮ ਦਾ ਅੰਤਿਮ ਉਦੇਸ਼ ਨੈਤਿਕਤਾ ਹੀ ਮੰਨਦੇ। ਧਰਮ ਇਕ ਅਜਿਹਾ ਆਧਾਰ ਹੈ ਜਿਸ ਉੱਤੇ ਨੈਤਿਕਤਾ ਦੀ ਪ੍ਰਫੁਲਤਾ ਵਾਲਾ ਸਮਾਜਿਕ ਢਾਂਚਾ ਉਸਾਰਨਾ ਹੈ। ਦੂਜਾ ਮਤ ਇਹ ਹੈ ਕਿ ਧਰਮ ਦਾ ਅਸਲ ਮੰਤਵ ਮਨੁੱਖ ਨੂੰ ਰਹੱਸਮਈ ਅਨੁਭਵ ਪ੍ਰਦਾਨ ਕਰਨਾ ਹੈ। ਸਰਬ ਥਾਈਂ ਜੋਤ ਰੂਪ ਵਿਤ ਰਮੇ ਹੋਏ ਪ੍ਰਭੂ ਨਾਲ ਆਤਮਕ ਸੰਯੋਗ ਪ੍ਰਾਪਤ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਸਦਾਚਾਰਕ ਤੇ ਸੱਚੇ ਆਚਰਨ ਵਾਲਾ ਜੀਵਨ ਜਿਉਣਾ ਅਤਿ ਜ਼ਰੂਰੀ ਹੈ। ਪਹਿਲੇ ਮਤ ਅਨੁਸਾਰ ਸਦਾਚਾਰਕ ਜੀਵਨ ਇਕ ਨਿਸ਼ਾਨਾ ਹੈ। ਦੂਜੇ ਨੁਕਤੇ ਅਨੁਸਾਰ ਸਭਿਆਚਾਰ ਜੀਵਨ ਧਰਮ ਦੇ ਨਿਸ਼ਾਨੇ ਵੱਲ ਪਹੁੰਚਣ ਦਾ ਮਾਰਗ ਹੈ।"[1]

ਵੱਖ-ਵੱਖ ਧਰਮਾਂ ਵਿਚ ਉਨ੍ਹਾਂ ਸਾਧਨਾ ਨੂੰ ਵਿਚਾਰਿਆ ਗਿਆ ਹੈ ਜਿਸ ਨਾਲ ਮਨੁੱਖ ਪਰਮਾਤਮਾ ਦੇ ਗਿਆਨ ਮਾਰਗ ਦੀ ਸੋਝੀ ਪ੍ਰਾਪਤ ਕਰ ਸਕੇ। ਪਰਮ ਸ਼ਕਤੀ ਦੀ ਮੇਹਰ ਨਾਲ ਮਨੁੱਖੀ ਵਿਕਾਸ ਦੇ ਸਿਖਰ ਉਪਰ ਪਹੁੰਚ ਸਕੇ। ਇਸ ਸਿਖਰ ਦੀ ਪ੍ਰਾਪਤੀ ਦੋ ਤਰ੍ਹਾਂ ਨਾਲ ਸੰਭਵ ਹੈ, ਇਕ ਹੋ ਬਾਹਰਮੁਖੀ ਗਿਆਨ ਪ੍ਰਾਪਤੀ ਅਤੇ ਦੂਜਾ ਹੈ ਅੰਤਰਮੁਖੀ ਗਿਆਨ ਅਨੁਭਵ ਨਾਲ. ਜੇਕਰ ਅੰਤਰਮੁਖੀ ਗਿਆਨ ਅਨੁਭਵ ਛੱਡਕੇ ਬਾਹਰਮੁਖੀ ਗਿਆਨ ਨੂੰ ਆਧਾਰ ਬਣਾ ਕੇ ਮਨੁੱਖੀ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਮਨੁੱਖੀ ਵਿਕਾਸ ਦੇ ਨੈਤਿਕ ਪੱਖ ਅਨੈਤਿਕ ਕਾਰਜਾਂ ਵੱਲ ਵਧੇਰੇ ਰੁਚਿਤ ਹੋ ਜਾਣਗੇ। ਇਸ ਲਈ ਸਿੱਖ ਧਰਮ ਵਿਚ ਮਨੁੱਖੀ ਦੀ ਅੰਦਰੂਨੀ ਪਵਿੱਤਰਤਾ ਨੂੰ ਬਾਹਰੀ ਰੁਚੀ ਨਾਲੋਂ ਵਧੇਰੇ ਉੱਤਮ ਅਤੇ

Research Paper © 2012 IJFANS. All Rights Reserved, Journal UGC CARE Listed (Group-I) Volume 12,Sp Iss 01 2023

ਮਹੱਤਵਪੂਰਨ ਮੰਨਿਆ ਗਿਆ ਹੈ। ਅੰਦਰੂਨੀ ਪਵਿੱਤਰਤਾ ਮਨੁੱਖ ਨੂੰ ਸੱਚੇ ਆਚਰਣ, ਚੰਗੇ ਵਿਵਹਾਰ ਦਾ ਧਾਰਨੀ ਹੋਣ ਦੇ ਨਾਲ-ਨਾਲ ਸਵੈਮਾਨੀ ਅਤੇ ਨਿਮਰ ਬਣਾਉਂਦੀ ਹੈ। ਉਸ ਅੰਦਰ ਕਾਮ, ਕ੍ਰੋਧ, ਮੋਹ ਅਤੇ ਅਹੰਕਾਰ ਵਰਗੇ ਔਗੁਣਾ ਨੂੰ ਨਿਯੰਤਰਤ ਕਰਨ ਵੱਲ ਪ੍ਰੇਰਿਤ ਕਰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਅਧਿਆਤਮਿਕ ਅਤੇ ਨੈਤਿਕਤਾ ਨੂੰ ਮਨੁੱਖੀ ਜੀਵਨ ਦੀ ਉੱਚਤਮ ਅਵਸਥਾ ਲਈ ਸਹਿਯੋਗੀ ਦੱਸਿਆ ਹੈ।

"ਸਰਬ ਧਰਮ ਮਹਿ ਸ੍ਰੇਸ਼ਟ ਧਰਮ॥

ਹਰਿ ਕ ਨਾਮ ਜਪਿ ਨਿਰਮਲ ਕਰਮੁ॥"[2]

ਨਾਮ ਸਿਮਰਨ ਅਧਿਆਤਮਿਕ ਕਿਰਿਆ ਅਤੇ ਉਸ ਦੇ ਪ੍ਰਭਾਵ ਸਦਕਾ ਮਨ ਨਿਰਮਲ ਹੋ ਜਾਂਦਾ ਹੈ। ਇਸ ਨਾਲ ਮਨੁੱਖ ਦਾ ਸਹਿਯੋਗੀ ਬਣ ਕੇ ਨੈਤਿਕ ਗੁਣਾ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦਾ ਹੈ। ਡਾ. ਵਜ਼ੀਰ ਸਿੰਘ ਅਨੁਸਾਰ-

"ਨੈਤਿਕਤਾ (ਸਦਾਚਾਰ) ਦਾ ਮਾਰਗ ਸੁਚੇਤ ਕਰਮ ਅਤੇ ਸਵੈ-ਭਰੋਸੇ ਦਾ ਮਾਰਗ ਹੈ। ਇਹ ਵਿਅਕਤੀ ਨੂੰ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਸੋਧ ਦਿੰਦਾ ਹੈ ਅਤੇ ਉਸ ਨੂੰ ਸੁਆਰਥੀ ਹਿੱਤਾਂ ਤੋਂ ਉਪਰ ਉੱਠ ਕੇ ਸਰਬ-ਸਾਂਝੇ ਲਾਭ ਹਿੱਤ ਯਤਨਸ਼ੀਲ ਹੋਣ ਲਈ ਪ੍ਰੇਰਦਾ ਹੈ। ਧਰਮ ਉਪਦੇਸ਼ ਅਤੇ ਨੈਤਿਕ ਸਿੱਖਿਆ ਦੋਵੇਂ ਮਨੁੱਖ ਦੇ ਵਿਅਕਤੀਗਤ ਅਤੇ ਸਮੂਹਕ ਜੀਵਨ ਨੂੰ ਵਧੇਰੇ ਸੁਚੱਜਾ, ਵਧੇਰੇ ਉੱਤਮ ਅਤੇ ਵਧੇਰੇ ਸਾਰਥਿਕ ਬਣਾਉਣ ਦੇ ਉਪਰਾਲੇ ਹਨ।"[3]

ਨੈਤਿਕਤਾ ਨੂੰ ਧਰਮ ਦਾ ਇਕ ਖ਼ਾਸ ਹਿੱਸਾ ਮੰਨਿਆ ਜਾਂਦਾ ਹੈ। ਧਰਮ ਦਾ ਸੰਬੰਧ ਨਿੱਜੀ ਹੋਣ ਦੇ ਨਾਲ-ਨਾਲ ਸਮਾਜਿਕ ਵੀ ਹੈ। ਜਦੋਂ ਮਨੁੱਖੀ ਮਾਨਸਿਕਤਾ ਪਰਾ-ਮਨੁੱਖੀ ਸ਼ਕਤੀ ਨੂੰ ਆਪਣੇ ਵਿਸ਼ਵਾਸ ਦਾ ਆਧਾਰ ਮੰਨ ਲੈਂਦਾ ਹੈ , ਉਦੋਂ ਉਸ ਦਾਇਰੇ ਅੰਦਰਲਾ ਸਮਾਜ ਨੈਤਿਕ ਨਿਯਮਾਂ ਦਾ ਧਾਰਨੀ ਬਣ ਜਾਂਦਾ ਹੈ। ਗੁਰਬਾਣੀ ਵਿਚ ਇਸ ਬਾਰੇ ਫ਼ਰਮਾਇਆ ਗਿਆ ਹੈ।

"ਸਭਿ ਗੁਣ ਤੇਰੇ ਮੈ ਨਾਹੀਂ ਕੋਇ ॥

ਵਿਣ ਗੁਣ ਕੀਤੇ ਭਗਤ ਨ ਹੋਇ ॥"[4]

ਗੁਰਬਾਣੀ ਅਨੁਸਾਰ ਮਨੁੱਖ ਨੂੰ ਪ੍ਰੇਮਾ-ਭਗਤੀ ਲਈ ਨੈਤਿਕ ਗੁਣਾ ਦਾ ਧਾਰਨੀ ਹੋਣ ਜ਼ਰੂਰੀ ਹੈ। ਨੈਤਿਕ ਕਦਰਾਂ-ਕੀਮਤਾਂ ਅਧਿਆਤਮਿਕ ਅਵਸਥਾ ਦੀ ਪ੍ਰਾਪਤੀ ਲਈ ਵਿਸ਼ੇਸ਼ ਗੁਣ ਹੈ। ਇਸ ਦੀ ਉਦਾਹਰਣ ਰਾਮਾਇਣ ਵਿਚ ਵੀ ਦੇਖੀ ਜਾ ਸਕਦੀ ਹੈ। ਰਾਵਣ ਚਾਰੇ ਵੇਦਾਂ ਦਾ ਗਿਆਤਾ ਹੋਣ ਦੇ ਬਾਵਜੂਦ ਆਪਣੇ ਅਨੈਤਿਕ ਕਾਰਜ ਕਾਰਨ ਉਹ ਅਧਿਆਤਮਿਕ ਅਵਸਥਾ ਨੂੰ ਪ੍ਰਾਪਤ ਨਹੀਂ ਕਰ ਸਕਿਆ ਜੋ ਇਕ ਗਿਆਨੀ ਪੁਰਸ਼ ਨੂੰ ਮਿਲਣੀ ਚਾਹੀਦੀ ਹੈ। ਦੂਸਰੇ ਪਾਸੇ ਭਾਗਵਾਨ ਰਾਮ ਜੀ ਆਪਣੇ ਨੈਤਿਕ ਆਚਰਣ ਕਰਕੇ ਮਰਿਆਦਾ ਪਰਸ਼ੋਤਮ ਅਤੇ ਭਾਗਵਾਨ ਦੀ ਉਪਾਧੀ ਪ੍ਰਾਪਤ ਕਰਦੇ ਹਨ। ਇਸ ਨਾਲ ਸੰਬੰਧੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ-

"ਅਵਗੁਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥"[5]

ISSN PRINT 2319 1775 Online 2320 7876
*Research Paper* © 2012 IJFANS. All Rights Reserved, Journal UGC CARE Listed (Group-I) Volume 12,Sp Iss 01 2023

ਮਨੁੱਖੀ ਮਨ ਅਤਿ ਸੰਵੇਦਨਾਸ਼ੀਲ ਅਤੇ ਸੂਖਮ-ਭਾਵੀ ਹੈ। ਇਹ ਦਿਸਦਾ ਸਮਾਜਕ ਵਰਤਾਰਾ ਪਾਰਬ੍ਰਹਮ ਦਾ ਸਰੂਪ ਹੈ। ਸੂਖਮ-ਭਾਵੀ ਮਨੁੱਖ ਇਸ ਵਰਤਾਰੇ ਵਿਚ ਗਰਸਿਆ ਜਾਂਦਾ ਹੈ, ਉਹ ਗਿਆਨ ਪ੍ਰਾਪਤੀ ਦੀ ਥਾਂ ਮਾਇਆਵੀ ਸੁਹਜ-ਤ੍ਰਿਪਤੀ ਨੂੰ ਪਹਿਲ ਦੇਣ ਲੱਗ ਜਾਂਦਾ ਹੈ। ਨੈਤਿਕ ਗੁਣਾ ਵਾਲਾ ਮਨੁੱਖ ਚੰਗਿਆਈ ਅਤੇ ਚੰਗੇ ਕੰਮਾਂ ਵੱਲ ਅਗਰਸਰ ਹੁੰਦਾ ਹੈ। ਇਸ ਕਾਰਨ ਉਹ ਨਿੱਜੀ ਹਿੱਤਾਂ ਤੋਂ ਉਪਰ ਉੱਠ ਕੇ ਸਰਬ-ਸਾਂਝੇ ਹਿੱਤਾਂ ਤੇ ਮਨੋਰਥਾਂ ਦੀ ਪੂਰਤੀ ਲਈ ਤਤਪਰ ਰਹਿੰਦਾ ਹੈ। ਧਰਮ ਵੀ ਮਨੁੱਖ ਨੂੰ ਇਸ ਦਿਸ਼ਾ ਵੱਲ ਹੀ ਉਤਸ਼ਾਹਿਤ ਕਰਦਾ ਹੈ। ਅਧਿਆਤਮਿਕ ਵਿਕਾਸ ਲਈ ਨੈਤਿਕਤਾ ਮੂਲ ਆਧਾਰ ਹੈ। ਸਿੱਖ ਧਰਮ ਵਿਚ ਨਿਮਰਤਾ, ਜ਼ੁਲਮ ਦਾ ਵਿਰੋਧ, ਬਰਾਬਰੀ, ਅਤੇ ਸਚਿਆਰਤਾ ਨੂੰ ਵੱਡਮੁੱਲਾ ਸਥਾਨ ਪ੍ਰਾਪਤ ਹੈ। ਗੁਰਮਤਿ ਵਿਚ ਸੱਚ ਨੂੰ ਉੱਤਮ ਮੰਨਿਆ ਗਿਆ ਹੈ।

ਨੈਤਿਕਤਾ ਮਨੁੱਖ ਦਾ ਇਖ਼ਲਾਕੀ ਫਰਜ਼ ਹੈ। ਇਹ ਧਰਮ ਮੰਡਲ ਦਾ ਖੇਤਰ ਹੈ। ਇਸ ਕਰਕੇ ਨੈਤਿਕਤਾ ਅਤੇ ਧਰਮ ਦਾ ਸੁਮੇਲ ਜ਼ਰੂਰੀ ਹੈ। ਜੇਕਰ ਮਨ ਅਨੈਤਿਕ ਕਾਰਜਾਂ ਵਿਚ ਗਰਸਿਆ ਹੋਇ ਹੈ ਤਾਂ ਇਸ ਦਾ ਨਿਤਾਰਾ ਅੰਤ ਸਮੇਂ ਹੋਣਾ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਸਪੱਸ਼ਟ ਕਰਦੇ ਕਹਿ ਰਹੇ ਹਨ ਕਿ ਚੰਗੇ ਕਰਮਾਂ ਨਾਲ ਹੀ ਪਰਮਾਤਮਾ ਦੀ ਦਇਆ ਮਿਹਰ ਦਾ ਭਾਗੀ ਬਣਿਆ ਜਾ ਸਕਦਾ ਹੈ। ਭਾਵ ਕਿ ਨੈਤਿਕ ਗੁਣਾ ਨਾਲ ਹੀ ਨਿਰਾਕਾਰ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰ ਬਾਣੀ ਮਨੁੱਖ ਨੂੰ ਨੈਤਿਕ ਗੁਣਾ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੰਦੀ ਹੈ। ਡਾ. ਵਜ਼ੀਰ ਸਿੰਘ ਅਨੁਸਾਰ-

“ਨੈਤਿਕ ਦ੍ਰਿਸ਼ਟੀ ਤੋਂ ਧਰਮ ਦਾ ਜੀਵਨ ਕਰਤਵ ਦੀ ਪਾਲਣਾ ਕਰਨ ਦਾ ਜੀਵਨ ਹੈ, ਸਮਾਜ ਸੇਵਾ ਦਾ ਜੀਵਨ ਹੈ। ਸੱਚੇ ਦਰਬਾਰ ਦਾ ਬਿੰਬ ਧਰਮ-ਖੰਡ ਦੀ ਨੈਤਿਕ ਭਾਵਨਾ ਨੂੰ ਕਰਮਾਂ ਦੀ ਪਰਖ ਦੇ ਸੰਦਰਭ ਵਿਚ ਪ੍ਰਸਤੁਤ ਕਰਦਿਆਂ ਅਧਿਆਤਮਿਕ ਪੱਧਰ ਉੱਤੇ ਲੈ ਜਾਂਦਾ ਹੈ। ਇਹ ਨੈਤਿਕਤਾ ਅਤੇ ਆਤਮਿਕ ਚੇਤਨਾ ਦਾ ਸੁਖਾਲਾ ਸੁਮੇਲ ਹੈ। ਸੱਚ ਦੀ ਯਾਤਰਾ ਉੱਤੇ ਤੁਰੇ ਸਾਧਕ ਲਈ ਧਰਮ-ਖੰਡ ਪਹਿਲਾ ਅਵੱਸ਼ਕ ਪੜਾਅ ਹੈ।”[6]

ਬੇਸ਼ੱਕ ਅਧਿਆਤਮਿਕ ਜੀਵਨ ਮਨੁੱਖ ਨੂੰ ਆਤਮ-ਤਿਆਗ ਦੀ ਤਕੀਦ ਕਰਦਾ ਹੈ। ਭਾਵ ਕਿ ਅਧਿਆਤਮਿਕ ਜੀਵਨ ਮਨੁੱਖ ਨੂੰ ਦਿਸਦੇ ਜਗਤ ਪਸਾਰੇ ਤੋਂ ਇਕ ਵਿਸ਼ੇਸ਼ ਤਰ੍ਹਾਂ ਦੀ ਦੂਰੀ ਸਥਾਪਤ ਕਰਨ ਲਈ ਨਿਰਦੇਸ਼ ਦਿੰਦਾ ਹੈ। ਸਮਾਜਕ ਪ੍ਰਾਣੀ ਹੋਣ ਕਰਕੇ ਮਨੁੱਖ ਦਾ ਸਮਾਜ ਵਿਚ ਵਿਚਰਨਾ ਮਜ਼ਬੂਰੀ ਹੈ। ਇਹ ਮਜ਼ਬੂਰੀ ਇਸ ਕਰਕੇ ਹੈ ਕਿਉਂਕਿ ਮਨੁੱਖ ਨੂੰ ਆਪਣੇ ਜੀਵਨ ਬਸਰ ਅਤੇ ਸੁਰੱਖਿਆ ਦੀ ਲੋੜ ਹੁੰਦੀ ਹੈ। ਪਰ ਰਹਿਣਾ ਕਿਸ ਤਰ੍ਹਾਂ ਇਹ ਮਨੁੱਖ ਨੇ ਤਹਿ ਕਰਨਾ ਹੈ। ਨਿਰਲੇਪਤਾ ਅਧਿਆਤਮਿਕਤਾ ਦਾ ਪ੍ਰਮੁੱਖ ਗੁਣ ਹੈ। ਦੁਨੀਆਂਦਾਰੀ ਤੋਂ ਨਿਰਲੇਪ ਵਿਚਰਨ ਕੋਈ ਸੌਖਾ ਕਾਰਜ ਨਹੀਂ ਕਿਉਂਕਿ ਸਿੱਖ ਧਰਮ ਅਨੁਸਾਰ ਇਹ ਨਿਰਲੇਪਤਾ ਦੁਨੀਆਂ ਦਾ ਪੂਰਨ ਤਿਆਗ ਨਹੀਂ ਹੈ। ਇਹ ਸਥਿਤੀ ਤਾਂ ਅੰਜਨ ਮਹਿ ਨਿਰੰਜਨ ਰਹੀਏ ਵਾਲੀ ਸਥਿਤੀ ਹੈ। ਇਹ ਸਥਿਤੀ ਨੈਤਿਕਤਾ ਪੂਰਨ ਆਕਾਰ ਹੈ। ਸਰਲ ਰੂਪ ਵਿਚ ਇਸ ਤਰ੍ਹਾਂ ਵੀ ਜਾਣਿਆ ਜਾ ਸਕਦਾ ਹੈ ਕਿ ਨੈਤਿਕ ਚੇਤਨਾ ਮਨੁੱਖੀ ਮਨ ਵਿਚਲੇ ਚੰਗੇ ਮੰਦੇ ਵਿਚਾਰਾਂ ਦੀ ਪਰਖ ਹੈ, ਕਿ ਕਿਹੜਾ ਕੰਮ ਸਹੀ ਹੈ ਅਤੇ ਕਿਹੜਾ ਗ਼ਲਤ। ਇਹ ਚੇਤਨਾ ਸਾਨੂੰ ਫਰਜ਼ ਨਿਭਾਉਣ, ਜ਼ਿੰਮੇਵਾਰ ਬਣਨ, ਸੱਚ ਅਤੇ ਨਿਆਂ ਦੇ ਰਸਤੇ ਉਪਰ ਤੁਰਨ ਲਈ ਪ੍ਰੇਰਿਤ ਕਰਦੀ ਹੈ। ਸੱਚ ਦੇ ਮਾਰਗ ਉਪਰ ਚੱਲਣਾ ਧਰਮ ਦੀ ਪਹਿਲੀ ਪੌੜੀ ਹੈ। ਧਰਮ ਨੈਤਿਕਤਾ

ISSN PRINT 2319 1775 Online 2320 7876
*Research Paper* © 2012 IJFANS. All Rights Reserved, Journal UGC CARE Listed (Group-I) Volume 12,Sp Iss 01 2023

ਨੂੰ ਰੂਪ ਅਤੇ ਦਿਸ਼ਾ ਪ੍ਰਦਾਨ ਕਰਦਾ ਹੈ। ਨੈਤਿਕਤਾ ਧਰਮ ਦੀ ਅੰਦਰੂਨੀ ਆਵਾਜ਼ ਹੈ। ਇਹ ਮਨੁੱਖ ਨੂੰ ਆਪਣੇ ਚੰਗੇ-ਮੰਦੇ ਕਾਰਜਾਂ ਬਾਰੇ ਸੋਚਣ ਅਤੇ ਉਸ ਦੀ ਜਾਂ ਪੜਤਾਲ ਕਰਨ ਲਈ ਤਿਆਰ ਕਰਦੀ ਹੈ। ਡਾ. ਜਗਬੀਰ ਸਿੰਘ ਅਨੁਸਾਰ-

"ਧਰਮ ਦੀ ਵਿਸ਼ੇਸ਼ਤਾ ਇਹੀ ਹੈ ਕਿ ਇਹ ਸਮੁੱਚੀ ਸ਼ਖ਼ਸੀਅਤ ਦਾ ਉਪਰਾਲਾ ਹੈ। ਇਹ ਵਿਸ਼ਵ ਦੀ ਹਕੀਕਤ ਬਾਰੇ ਨਿਰੋਲ ਵਿਸ਼ਵਾਸ-ਆਧਾਰੀ ਪਰਿਕਲਪਨਾ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਇਹ ਮਨੁੱਖੀ ਅਮਲ ਨੂੰ ਪ੍ਰਭਾਵਿਤ ਕਰਨ ਵਾਲੀ ਭਾਵਨਾਤਮਕ ਬਿਰਤੀ ਵੀ ਪ੍ਰਦਾਨ ਕਰਦਾ ਹੈ। ਇਸੇ ਲਈ ਅੰਤਮ ਤੌਰ 'ਤੇ ਧਰਮ ਨੈਤਿਕ ਉੱਦਮ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਅਤੇ ਇਹੀ ਇਸ ਦੀ ਸਾਰਥਕਤਾ ਦਾ ਵਿਵਹਾਰਕ ਆਧਾਰ ਹੈ।"[7]

ਜਦੋਂ ਤੱਕ ਮਨੁੱਖ ਆਪਣੇ ਮਨ ਵਿਚ ਨੈਤਿਕ ਗੁਣ ਉਤਪੰਨ ਨਹੀਂ ਕਰਦਾ ਓਨੀ ਦੇਰ ਤੱਕ ਉਹ ਅਧਿਆਤਮਿਕ ਮਾਰਗ ਉਪਰ ਅੱਗੇ ਨਹੀਂ ਵਧ ਸਕਦਾ ਅਤੇ ਨਾ ਹੀ ਸਮਾਜਕ ਜ਼ਿੰਮੇਵਾਰੀਆਂ ਨਿਭਾਉਣ ਦੇ ਸਮਰੱਥ ਬਣ ਸਕਦਾ ਹੈ। ਗੁਰਬਾਣੀ ਇਸ ਵਿਚਾਰ ਉਪਰ ਜ਼ੋਰ ਦਿੰਦੀ ਹੈ ਕਿ ਮਨੁੱਖ ਅਧਿਆਤਮਿਕਤਾ ਦੀ ਉੱਚਤਮ ਅਵਸਥਾ ਦੀ ਪ੍ਰਾਪਤੀ ਸਮਾਜਕ ਜ਼ਿੰਮੇਵਾਰੀਆਂ ਨਿਭਾਏ ਬਿਨਾਂ ਨਹੀਂ ਕਰ ਸਕਦਾ।

ਉਪਰੋਕਤ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਧਰਮ ਅਤੇ ਨੈਤਿਕ ਚੇਤਨਾ ਮਨੁੱਖ ਲਈ ਜੀਵਨ ਨੂੰ ਸਚਾਰੂ ਵਿਚ ਜਿਉਂਣ ਲਈ ਜ਼ਰੂਰੀ ਪਹਿਲੂ ਹਨ। ਜੇਕਰ ਧਰਮ ਮਨੁੱਖ ਨੂੰ ਦਇਆ ਦਾ ਸੰਦੇਸ਼ ਦਿੰਦਾ ਹੈ ਤਾਂ ਨੈਤਿਕਤਾ ਉਸ ਸੰਦੇਸ਼ ਨੂੰ ਅਮਲ ਵਿਚ ਲਿਆਉਂਦੀ ਹੈ। ਧਰਮ ਅਤੇ ਨੈਤਿਕਤਾ ਬਿਨਾਂ ਮਨੁੱਖ ਅਧੂਰਾ ਹੈ। ਧਰਮ ਅਤੇ ਨੈਤਿਕਤਾ ਦੀ ਅਣਹੋਂਦ ਸਮਾਜਕ ਢਾਂਚੇ ਨੂੰ ਖੇਰੂ-ਖੇਰੂ ਕਰ ਦੇਵੇਗੀ। ਨੈਤਿਕਤਾ ਮਨੁੱਖੀ ਸਮਾਜ ਦੀ ਬੁਨਿਆਦ ਹੈ। ਧਰਮ ਅਤੇ ਨੈਤਿਕਤਾ ਮਨੁੱਖੀ ਜੀਵਨ ਦੇ ਦੋ ਪਹਿਲੂ ਹਨ ਜੋ ਵੱਖ-ਵੱਖ ਜਾਪਦੇ ਵੀ ਇਕ ਹਨ। ਇਹ ਵੱਖ-ਵੱਖ ਹੋਣ ਦੇ ਬਾਵਜੂਦ ਇਕ ਦੂਜੇ ਤੋਂ ਅਲੱਗ ਨਹੀ ਰਹਿ ਸਕਦੇ। ਨੈਤਿਕਤਾ ਬਿਨਾਂ ਧਰਮ ਰਸਮਾਂ ਦਾ ਢੇਰ ਹੈ ਅਤੇ ਨੈਤਿਕਤਾ ਬਿਨਾਂ ਧਰਮ ਆਤਮਿਕਤਾਂ ਤੋਂ ਖਾਲੀ ਹੈ। ਇਹ ਦੋਵੇਂ ਮਨੁੱਖ ਦੇ ਵਿਚਾਰ, ਵਰਤਾਰੇ ਅਤੇ ਜੀਵਨ-ਸ਼ੈਲੀ ਨੂੰ ਪ੍ਰਭਾਵਿਤ ਕਰਦੇ ਹਨ। ਧਰਮ ਉਹ ਨੈਤਿਕ ਅਤੇ ਆਤਮਿਕ ਸਿਧਾਂਤ ਹਨ ਜੋ ਮਨੁੱਖ ਨੂੰ ਸੱਚ, ਅਹਿੰਸਾ, ਦਇਆ, ਨਿਮਰਤਾ, ਸਹਿਯੋਗ ਅਤੇ ਕਾਇਦੇ ਵਿਚ ਰਹਿਣ ਲਈ ਪ੍ਰੇਰਿਤ ਕਰਦੇ ਹਨ। ਇਸ ਤਰ੍ਹਾਂ ਨੈਤਿਕਤਾ ਉਹ ਗੁਣ ਹਨ ਜੋ ਮਨੁੱਖ ਨੂੰ ਧਾਰਮਿਕ ਪਦਵੀ ਪ੍ਰਦਾਨ ਕਰਦੇ ਹਨ। ਅੱਜ ਦੇ ਭਟਕਣਾ ਵਾਲੇ ਸਮੇਂ ਵਿਚ ਜਿੱਥੇ ਭੌਤਿਕਵਾਦ ਤੇਜ਼ੀ ਨਾਲ ਵਧ ਰਿਹਾ ਹੈ। ਧਰਮ ਅਤੇ ਨੈਤਿਕਤਾ ਦੀ ਸਿੱਖਿਆ ਨੂੰ ਅਪਣਾਉਣਾ ਸਮਾਜਿਕ ਸਦਭਾਵਨਾ, ਸ਼ਾਂਤੀ ਅਤੇ ਮਨੁੱਖਤਾ ਦੀ ਰੱਖਿਆ ਲਈ ਬਹੁਤ ਜ਼ਰੂਰੀ ਹੈ।

**ਹਵਾਲਾ (Reference)**

1. ਬਲਵਿੰਦਰ ਪਾਲ ਸਿੰਘ, ਸਿੱਖ ਨੈਤਿਕਚਾਰ ਅਤੇ ਸਮਾਜਿਕ ਆਰਥਿਕ ਵਿਕਾਸ, ਧਰਮ ਪ੍ਰਚਾਰ ਕਮੇਟੀ (ਸ੍ਰੋਮਣੀ ਗੁ. ਪ੍ਰ. ਕਮੇਟੀ), ਸ੍ਰੀ ਅੰਮ੍ਰਿਤਸਰ, 1998
2. ਗੁਰੂ ਗ੍ਰੰਥ ਸਾਹਿਬ, ਅੰਗ-266
3. ਵਜ਼ੀਰ ਸਿੰਘ, ਫ਼ਲਸਫ਼ਾ ਤੇ ਸਿੱਖ ਫ਼ਲਸਫ਼ਾ , ਮਦਾਨ ਪਬਲਿਸ਼ਰਜ, ਪਟਿਆਲਾ, 1980, ਪੰਨਾ-45
4. ਗੁਰੂ ਗ੍ਰੰਥ ਸਾਹਿਬ, ਅੰਗ-4, ਜਪੁ ਜੀ , ਪਾਉੜੀ 21

5. ਗੁਰੂ ਗ੍ਰੰਥ ਸਾਹਿਬ, ਸਿਰੀ ਰਾਗ ਮ.1, ਅੰਗ-26
6. ਵਜ਼ੀਰ ਸਿੰਘ, (ਡਾ.), ਸਿੱਖ ਦਰਸ਼ਨ ਧਾਰਾ (ਭਾਗ ਦੂਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-31
7. ਬਾਬਾ ਫ਼ਰੀਦ ਅੰਕ, ਖੋਜ ਪਤ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ-136